**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ**
**ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ**
**(ਅਮਲਾ-1 ਸ਼ਾਖਾ)**

ਹੁਕਮ ਨੰ: 11/67-2015ਅ-1(4,8)/ 787
ਮਿਤੀ:-27.03.2017

## ਨਵੇਂ ਪਦ-ਉੱਨਤ/ ਪ੍ਰੋਵੀਜ਼ਨਲ ਪਦ-ਉੱਨਤ ਲੈਕਚਰਾਰਾਂ ਲਈ ਨੋਟਿਸ

ਇਸ ਦਫਤਰ ਦੇ ਹੁਕਮ ਨੰ: 11/67-2015ਅ-1(4,8)/485 ਮਿਤੀ 27.02.2017 ਰਾਹੀਂ ਵਿਭਾਗ ਵੱਲੋਂ ਵੱਖ-ਵੱਖ ਵਿਸ਼ੇ ਦੇ ਮਾਸਟਰ/ ਮਿਸਟ੍ਰੈਸਾਂ ਨੂੰ ਬਤੌਰ ਲੈਕਚਰਾਰ ਵੱਖ-ਵੱਖ ਵਿਸ਼ਿਆਂ ਵਿੱਚ ਪ੍ਰੋਵੀਜ਼ਨਲ/ ਪੱਕੇ ਤੌਰ ਤੇ ਪਦ-ਉੱਨਤ ਕੀਤਾ ਗਿਆ ਹੈ। ਇਹਨਾਂ ਹੁਕਮਾਂ ਰਾਹੀਂ ਪਦ-ਉੱਨਤ ਹੋਏ ਕਰਮਚਾਰੀਆਂ ਵਿੱਚੋਂ ਜੋ ਕਰਮਚਾਰੀ ਕੈਂਸਰ ਤੋਂ ਪੀੜਤ ਹਨ, ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਸਰਟੀਫਿਕੇਟ ਪੀ.ਜੀ.ਆਈ. ਚੰਡੀਗੜ੍ਹ/ ਰਜਿੰਦਰਾ ਹਸਪਤਾਲ ਪਟਿਆਲਾ/ ਮੈਡੀਕਲ ਕਾਲਜ ਫਰੀਦਕੋਟ/ ਗੁਰੂ ਰਾਮਦਾਸ ਸਰਕਾਰੀ ਹਸਪਤਾਲ, ਅੰਮ੍ਰਿਤਸਰ ਦੇ ਮੈਡੀਕਲ ਸੁਪਰਡੰਟ ਤੋਂ ਪ੍ਰਤੀ ਹਸਤਾਖਰ ਕਰਵਾ ਕੇ ਆਪਣੀ ਪ੍ਰਤੀ ਬੇਨਤੀ ਮਾਨਯੋਗ ਵਧੀਕ ਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ ਨੂੰ ਸੰਬੋਧਤ ਕਰਦੇ ਹੋਏ ਨਾਲ ਨੱਥੀ ਕਰਕੇ ਮਿਤੀ 31.03.2017 ਤੱਕ ਭੇਜਣੀ ਯਕੀਨੀ ਬਣਾਉਣ।

ਇਹ ਨੋਟਿਸ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਜੀ ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤਾ ਜਾ ਰਿਹਾ ਹੈ।

29/3/17
ਸਹਾਇਕ ਡਾਇਰੈਕਟਰ (ਸ:ਪ੍ਰ:-1)